ਦਫਤਰ ਦੀ ਪੱਤ੍ਰਿਕਾ ਨੰ: ੩੩੬੫੫ ਮਿਤੀ 30-11-2023 ਰਾਹੀਂ ਭਾਈ ਬਲਵੰਤ ਸਿੰਘ ਰਾਜੋਆਣਾ ਆਪਣੇ ਸਬੰਧੀ ਜਰੂਰੀ ਵਿਚਾਰ ਕਰਨ ਹਿੱਤ ਸ਼੍ਰੋਮਣੀ ਗੁ: ਪ੍ਰ: ਕਮੇਟੀ ~~ਦੇ~~ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਬਣਾਈ ਗਈ ਮੈਂਬਰੀ ਕਮੇਟੀ ਦੀ ਜਰੂਰੀ ਇਕੱਤਰਤਾ ਮਿਤੀ 02-12-2023 ਦਿਨ ਸ਼ਨਿਚਰਵਾਰ ਨੂੰ ਸ਼ਾਮ 6-00 ਵਜੇ ਪ੍ਰਬੰਧਕੀ ਬਲਾਕ ਦਫਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰੱਖੀ ਗਈ।

| | | |
|---|---|---|
| 1 | ਸ: ਰਜਿੰਦਰ ਸਿੰਘ ਚੇਅਰਮੈਨ | 1) ਰਜਿੰਦਰ ਸਿੰਘ |
| 2 | ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ, ਮੁੱਖੀ ਦਮਦਮੀ ਟਕਸਾਲ, ਮਹਿਤਾ (ਪੰਜਾਬ) | 2) ਹਰਨਾਮ ਸਿੰਘ ਖਾਲਸਾ |
| 3 | ਸੰਤ ਬਾਬਾ ਨਿਹਾਲ ਸਿੰਘ ਜੀ ਮੁੱਖੀ ਤਰਨਾ ਦਲ, ਹਰੀਆਂ ਵੇਲਾਂ | 3) ਹਰਪ੍ਰੀਤ ਸਿੰਘ ਵੱਲੋਂ- ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ |
| 4. | ਸ: ਸੁਖਬੀਰ ਸਿੰਘ ਜੀ ਬਾਦਲ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ | 4) [signature] |
| 5. | ਸ: ਜਗਜੋਤ ਸਿੰਘ ਜੀ ਸੋਹੀ, ਪ੍ਰਧਾਨ, ਪ੍ਰਬੰਧਕ ਕਮੇਟੀ, ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ,(ਬਿਹਾਰ) | 5) ਸ. ਰਘਬੀਰ ਸਿੰਘ [illegible] ਪ੍ਰਧਾਨ [illegible] ਦੇ [illegible] |
| 6. | ਸ: ਹਰਮੀਤ ਸਿੰਘ ਜੀ ਕਾਲਕਾ, ਸਾਬਕਾ ਪ੍ਰਧਾਨ, ਦਿੱਲੀ ਸਿੱਖ ਮੈਨੇਜਮੈਂਟ ਕਮੇਟੀ (ਦਿੱਲੀ) | 6) [signature] |
| 7. | ਸ: ਜਸਵੰਤ ਸਿੰਘ ਜੀ ਪੁੜੈਣ, ਅੰਤ੍ਰਿੰਗ ਮੈਂਬਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ | 7) Jaswant Sin Puri |
| 8. | ਸ: ਮਨਜੀਤ ਸਿੰਘ ਜੀ, ਜੀ.ਕੇ, ਸਾਬਕਾ ਪ੍ਰਧਾਨ, ਦਿੱਲੀ ਸਿਖ ਮੈਨੇਜਮੈਂਟ ਕਮੇਟੀ (ਦਿੱਲੀ) | 8) Manjit Singh |
| 9. | ਡਾ: ਵਿਜੈ ਸਤਬੀਰ ਸਿੰਘ ਜੀ, ਪ੍ਰਧਾਨ, ਪ੍ਰਬੰਧਕ ਕਮੇਟੀ, ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨੰਦੇੜ, (ਮਹਾਂਰਾਸ਼ਟਰ) | 9) ਪਰਮਦੀਪ ਸਿੰਘ [illegible] |

– ਭਾਈ ਬਲਵੰਤ
ਹੈ। ਸ਼੍ਰੋਮਣੀ ਕਮੇਟੀ
ਹੈ ਕਿ ਉਹ ਅਗਲੇ
ਕਿ ਸ਼੍ਰੋਮਣੀ ਕਮੇਟੀ

ਚੇਅਰਮੈਨ ਸਾਹਿਬ ਦੀ ਆਗਿਆ ਨਾਲ ਮੌਕੇ ਪਰ ਇਹ ਨੁਮਾਇੰਦੇ ਨਾਮਜ਼ਦ ਕੀਤੇ ਗਏ-

1. ਡਾ: ਰਜਿੰਦਰ ਸਿੰਘ ਜੀ ਮਹਿਤਾ ਜਨਰਲ ਸਕੱਤਰ ਦਿ: ਗੁ: ਪ੍ਰ: ਕਮੇਟੀ
2. ਡਾ: ਪਰਮਜੀਤ ਸਿੰਘ ਰਾਣਾ ਮੈਂਬਰ ਦਿੱਲੀ ਸਿੱਖ ਗੁ: ਪ੍ਰ: ਕਮੇਟੀ
3. ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਮੈਂਬਰ ਪਾਰਲੀਮੈਂਟ

...ਹਿਮ ਹੈ। ਉਨ੍ਹਾਂ ਦੀ
...ਣਾਂ ਹੱਲ ਨਹੀਂ ਹੋ
...ਮੇਟੀ ਹੀ ਜ਼ਿੰਮੇਵਾਰ
...ਬਿਲਕੁਲ ਸ਼ੁੱਧ ਹਨ
...ਾ ਬਦਲੇ ਪਰ ਇਹ
...ਭੁੱਖ ਹੜਤਾਲ ਨਾ

ਰੱਖਣ ਲਈ ਬੇਨਤੀ ਕੀਤੀ ਜਾਵੇ। ਪਟੀਸ਼ਨ ਕਿਸੇ ਵੀ ਕੀਮਤ 'ਤੇ ਵਾਪਸ ਲੈਣਾ ਉਚਿਤ ਨਹੀਂ ਹੈ।

3. ਭਾਈ ਪਰਮਵੀਰ ਸਿੰਘ (ਨੁਮਾਇੰਦਾ ਸ. ਵਿਜੇ ਸਤਬੀਰ ਸਿੰਘ, ਪ੍ਰਸ਼ਾਸਕ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ) – ਸ. ਵਿਜੇ ਸਤਬੀਰ ਸਿੰਘ ਨੇ ਸੁਨੇਹਾ ਭੇਜਿਆ ਹੈ ਕਿ ਉਹ ਆਪਣੀ ਕਮੇਟੀ ਵੱਲੋਂ ਹਰ ਤਰ੍ਹਾਂ ਪੰਥ ਦੇ ਨਾਲ ਹਨ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਚਾਹੁੰਦੇ ਹਨ। ਪਟੀਸ਼ਨ ਬਾਰੇ ਜੋ ਵੀ ਸਾਂਝਾ ਫੈਸਲਾ ਹੋਵੇਗਾ, ਉਸ ਨਾਲ ਸਾਡੀ ਸਹਿਮਤੀ ਹੈ।
4. ਸ. ਲਖਵਿੰਦਰ ਸਿੰਘ ਮੀਤ ਪ੍ਰਧਾਨ (ਨੁਮਇੰਦਾ ਸ. ਜਗਜੋਤ ਸਿੰਘ ਸੋਹੀ, ਪ੍ਰਧਾਨ, ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ) – ਤਖ਼ਤ ਸਾਹਿਬ ਵੱਲੋਂ ਅਸੀਂ ਬੰਦੀ ਸਿੰਘਾਂ ਦੀ ਰਿਹਾਈ ਦਾ ਅਸੀਂ ਪੂਰਨ ਸਮਰਥਨ ਕਰਦੇ ਹਾਂ ਅਤੇ ਸਾਡੀ ਮੰਗ ਹੈ ਕਿ ਸਰਕਾਰ ਇਨ੍ਹਾਂ ਨੂੰ ਤੁਰੰਤ ਰਿਹਾਅ ਕਰੇ। ਭਾਈ ਰਾਜੋਆਣਾ ਬਾਰੇ ਸ਼੍ਰੋਮਣੀ ਕਮੇਟੀ ਨੂੰ ਪਟੀਸ਼ਨ ਵਾਪਸ ਨਹੀਂ ਲੈਣੀ ਚਾਹੀਦੀ ਅਤੇ ਸਜ਼ਾ ਤਬਦੀਲੀ ਲਈ ਵੱਧ ਤੋਂ ਵੱਧ ਯਤਨ ਕੀਤੇ ਜਾਣੇ ਚਾਹੀਦੇ ਹਨ।
5. ਸ. ਪਰਮਜੀਤ ਸਿੰਘ ਸਰਨਾ – ਇਹ ਪੰਥਕ ਮਾਮਲਾ ਹੈ। ਇਸ 'ਤੇ ਸਾਫ਼ ਤੌਰ 'ਤੇ ਇੱਕ ਪਾਸਾ ਕਰਨਾ ਚਾਹੀਦਾ ਹੈ ਕਿ ਜਿਹੜਾ ਇਸ ਵਿੱਚ ਸਹਿਯੋਗ ਨਹੀਂ ਦੇਵੇਗਾ ਉਸ ਨਾਲ ਪੰਥ ਕੋਈ ਵਾਸਤਾ ਨਹੀਂ ਰੱਖੇਗਾ। ਭਾਈ ਰਾਜੋਆਣਾ ਦੀ ਪਟੀਸ਼ਨ ਵਾਪਸ ਨਾ ਲੈਣ ਦੇ ਪੱਖ ਵਿੱਚ ਹਾਂ।
6. ਸ. ਮਨਜੀਤ ਸਿੰਘ ਜੀਕੇ – ਸਿੱਖ ਕੌਮ ਨੂੰ ਹਮੇਸ਼ਾ ਹੀ ਆਪਣੇ ਹੱਕ ਲੈਣ ਲਈ ਸੰਘਰਸ਼ ਕਰਨਾ ਪਿਆ ਹੈ ਅਤੇ ਕਾਮਯਾਬੀਆਂ ਵੀ ਮਿਲੀਆਂ ਹਨ। ਹੁਣ ਵੀ ਇੱਕ ਸੰਯੁਕਤ ਸੰਘਰਸ਼ ਕਰਨਾ ਚਾਹੀਦਾ ਹੈ। ਪਟੀਸ਼ਨ ਕਾਇਮ ਰੱਖੀ ਜਾਵੇ। ਰਿਹਾਈ ਲਈ ਕੇਂਦਰ ਸਰਕਾਰ 'ਤੇ ਸਾਂਝੇ ਤੌਰ 'ਤੇ ਦਬਾਅ ਬਣਾਇਆ ਜਾਵੇ। ਬਾਹਰਲੇ ਸੂਬਿਆਂ ਵਿੱਚ

ਵੱਸਦੇ ਸਿੱਖਾਂ ਦਾ ਵੀ ਸਾਥ ਲਿਆ ਜਾਵੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ 550ਵੇਂ ਪ੍ਰਕਾਸ਼ ਗੁਰਪੁਰਬ 'ਤੇ ਭਾਰਤ ਸਰਕਾਰ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਦੇ ਐਲਾਨ ਉੱਪਰ ਸਰਕਾਰ ਘੇਰੀ ਜਾਵੇ।

7. ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ – ਭਾਈ ਬਲਵੰਤ ਸਿੰਘ ਰਾਜੋਆਣਾ ਬਾਰੇ ਪਟੀਸ਼ਨ ਵਾਪਸ ਨਹੀਂ ਲੈਣੀ ਚਾਹੀਦੀ ਅਤੇ ਉਨ੍ਹਾਂ ਨੂੰ ਭੁੱਖ ਹੜਤਾਲ ਨਾ ਕਰਨ ਲਈ ਅਪੀਲ ਕਰਦਿਆਂ ਇੱਕ ਭਾਵਪੂਰਤ ਚਿੱਠੀ ਲਿਖਣੀ ਚਾਹੀਦੀ ਹੈ। ਜਨਤਕ ਇਕੱਠ ਲਈ ਸੱਦਾ ਦਿੱਤਾ ਜਾਵੇ। ਪਿੰਡ ਪੱਧਰ 'ਤੇ ਪੰਜ ਮੈਂਬਰੀ ਕਮੇਟੀਆਂ ਬਣਾ ਕੇ ਲਾਮਬੰਦੀ ਕੀਤੀ ਜਾਵੇ। ਕਾਰ ਸੇਵਾ ਵਾਲੇ ਮਹਾਂਪੁਰਖ ਅਤੇ ਸਾਰੀਆਂ ਪੰਥਕ ਸੰਸਥਾਵਾਂ ਦਾ ਇਕੱਠ ਕੀਤਾ ਜਾਵੇ। ਇੱਕ ਲੱਖ ਤੋਂ ਵੱਡਾ ਇਕੱਠ ਹੋਵੇ।

8. ਸ. ਪਰਮਜੀਤ ਸਿੰਘ ਰਾਣਾ – ਸਾਬਕਾ ਸਿੱਖ ਜੱਜਾਂ ਦੀ ਕਮੇਟੀ ਬਣਾ ਕੇ ਬੰਦੀ ਸਿੰਘਾਂ ਨੇ ਕੇਸਾਂ ਦੀ ਪੜਚੋਲ ਕਰਕੇ ਸੰਘਰਸ਼ ਕੀਤਾ ਜਾਵੇ। ਸੂਬਿਆਂ ਅੰਦਰ ਕਾਰਜਸ਼ੀਲ ਸਿੰਘ ਸਭਾਵਾਂ ਆਪੋ-ਆਪਣੇ ਸੂਬਿਆਂ ਦੇ ਰਾਜਪਾਲਾਂ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਮੰਗ ਪੱਤਰ ਸੌਂਪੇ।

9. ਭਾਈ ਰਜਿੰਦਰ ਸਿੰਘ ਮਹਿਤਾ, ਜਨਰਲ ਸਕੱਤਰ – ਭਾਈ ਬਲਵੰਤ ਸਿੰਘ ਰਾਜੋਆਣਾ ਦਾ ਸਟੈਂਡ ਕੌਮ ਲਈ ਹੈ, ਉਹ ਚਾਹੁੰਦੇ ਹਨ ਕਿ ਉਨ੍ਹਾਂ ਦਾ ਜੀਵਨ ਕੌਮ ਦੇ ਲੇਖੇ ਲੱਗੇ। ਉਹ ਇੱਕ ਪਾਸਾ ਚਾਹੁੰਦੇ ਹਨ ਅਤੇ ਉਨ੍ਹਾਂ ਨਾਲ ਮੁਲਾਕਾਤ ਸਮੇਂ ਉਹ ਅਟੱਲ ਨਜ਼ਰ ਆਏ ਹਨ। ਉਨ੍ਹਾਂ ਦੀ ਭਾਵਨਾ ਇੱਕ ਕੌਮੀ ਯੋਧੇ ਵਾਲੀ ਹੈ ਅਤੇ ਉਹ ਮਹਿਸੂਸ ਕਰ ਰਹੇ ਹਨ ਕਿ ਸੂਰਮਿਆਂ ਵਾਂਗ ਸ਼ਹਾਦਤ ਪ੍ਰਾਪਤ ਕਰਨ। ਇਹ ਬਹੁਤ ਸੰਜੀਦਾ ਮਾਮਲਾ ਹੈ ਕਿਉਂਕਿ ਜੇਕਰ ਉਨ੍ਹਾਂ ਨੇ 5 ਦਸੰਬਰ ਨੂੰ ਇੱਕ ਵਾਰ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਤਾਂ ਉਨ੍ਹਾਂ ਨੂੰ ਰੋਕਣਾ ਬਹੁਤ ਮੁਸ਼ਕਲ ਹੋਵੇਗਾ।

10. ਬਾਬਾ ਹਰਨਾਮ ਸਿੰਘ ਖ਼ਾਲਸਾ, ਮੁਖੀ ਦਮਦਮੀ ਟਕਸਾਲ – ਪਟੀਸ਼ਨ ਵਾਪਸ ਨਹੀਂ ਲੈਣੀ ਚਾਹੀਦੀ। ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅਗਵਾਈ ਕਰਨ। ਸਰਕਾਰ 'ਤੇ ਦਬਾਅ ਬਣਾਇਆ ਜਾਵੇ। ਸ਼ਾਂਤਮਈ ਸੰਘਰਸ਼ ਕੀਤਾ ਜਾਵੇ। 500-1000 ਸਿੰਘਾਂ ਦਾ ਜਥਾ ਹਰ ਰੋਜ਼ ਦਿੱਲੀ ਵਿਖੇ ਧਰਨਾ ਦੇਵੇ। ਕੌਮ ਨੂੰ ਆਪਣੀ ਸ਼ਕਤੀ ਦਿਖਾਉਣੀ ਚਾਹੀਦੀ ਹੈ ਅਤੇ ਅਗਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਕਰਨ।

11. ਸ. ਸੁਖਬੀਰ ਸਿੰਘ ਬਾਦਲ, ਪ੍ਰਧਾਨ, ਸ਼੍ਰੋਮਣੀ ਅਕਾਲ ਦਲ – ਮੌਜੂਦਾ ਕੇਂਦਰ ਸਰਕਾਰ ਘੱਟ ਗਿਣਤੀਆਂ ਨਾਲ ਧੱਕਾ ਕਰ ਰਹੀ ਅਤੇ ਉਹ ਆਪਣਾ ਵੋਟ ਬੈਂਕ ਪੱਕਾ ਕਰਨ ਲਈ ਬਹੁਗਿਣਤੀ ਨੂੰ ਵਾਰਾ ਖਾਂਦੀ ਸਿਆਸਤ ਦੇ ਰਾਹ 'ਤੇ ਹੈ। ਕੌਮ ਨੂੰ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ 'ਤੇ ਭਾਜਪਾ ਅਤੇ ਕੇਂਦਰ ਸਰਕਾਰ ਦੀ ਸੋਚ ਤੇ ਸਿਆਸਤ ਨੂੰ ਹਰ ਪੱਖ ਤੋਂ ਸਮਝ ਕੇ ਇੱਕ ਢੁਕਵੀਂ ਵਿਉਂਤ ਬਣਾਉਣੀ ਚਾਹੀਦੀ ਹੈ। ਕਿਸਾਨ ਅੰਦੋਲਨ ਤੋਂ ਬਾਅਦ ਕੇਂਦਰ ਦੀ ਭਾਜਪਾ ਸਰਕਾਰ ਖਾਸ ਕਰਕੇ ਸਿੱਖਾਂ ਦੇ ਮਾਮਲੇ ਉਲਝਾ ਰਹੀ ਹੈ। ਇਸੇ ਨੀਤੀ ਤਹਿਤ ਹੀ ਦਿੱਲੀ ਕਮੇਟੀ ਦਾ ਆਪਣੇ ਲੋਕਾਂ ਰਾਹੀਂ ਹੱਥਾਂ ਵਿੱਚ ਲਿਆ ਅਤੇ ਸ਼੍ਰੋਮਣੀ ਕਮੇਟੀ ਤੋੜ ਕੇ ਹਰਿਆਣਾ ਕਮੇਟੀ ਬਣਾਈ। ਪੰਜਾਬ ਤੋਂ ਬਾਹਰਲੇ ਤਖ਼ਤ ਸਾਹਿਬਾਨ ਦੇ ਪ੍ਰਬੰਧਾਂ ਵਿੱਚ ਵੀ ਸਿੱਧੀ ਦਖ਼ਲਅੰਦਾਜੀ ਕੀਤੀ ਜਾ ਰਹੀ ਹੈ। ਭਾਈ ਰਾਜੋਆਣਾ ਦਾ ਮਾਮਲਾ ਸੰਜੀਦਗੀ ਨਾਲ ਅੱਗੇ ਵਧਾਉਣਾ ਚਾਹੀਦਾ ਹੈ, ਸ਼੍ਰੋਮਣੀ ਅਕਾਲ ਦਲ ਇਸ ਵਿੱਚ ਹਰ ਤਰ੍ਹਾਂ ਮੋਹਰੀ ਸਹਿਯੋਗ ਕਰੇਗਾ। ਭਾਈ ਰਾਜੋਆਣਾ ਨੂੰ ਭੁੱਖ ਹੜਤਾਲ ਤੋਂ ਰੋਕਣਾ ਚਾਹੀਦਾ ਹੈ ਅਤੇ ਪਟੀਸ਼ਨ

ਵਾਪਸ ਨਹੀਂ ਲੈਣੀ ਚਾਹੀਦੀ। ਸੰਘਰਸ਼ ਏਕਤਾ ਨਾਲ ਕੀਤਾ ਜਾਵੇ ਅਤੇ ਇੱਕ ਦਿਨ ਨੀਯਤ ਕਰਕੇ ਦਿੱਲੀ ਵਿਖੇ ਰਾਸ਼ਟਰਪਤੀ ਭਵਨ ਵੱਲ ਸ਼ਾਂਤਮਈ ਮਾਰਚ ਕੀਤਾ ਜਾਵੇ ਤਾਂ ਜੋ ਸਿੱਖਾਂ ਨਾਲ ਧੱਕੇ ਦਾ ਦੁਨੀਆ ਨੂੰ ਪਤਾ ਲੱਗ ਸਕੇ। ਇਸ ਵਿੱਚ ਸਾਰੇ ਮਹਾਂਪੁਰਖ ਅਤੇ ਸਿੰਘ ਸਾਹਿਬਾਨ ਵਿਸ਼ੇਸ਼ ਸਮੂਲੀਅਤ ਕਰਨ। ਬਾਹਰਲੇ ਸੂਬਿਆਂ ਤੋਂ ਸਿੰਘ ਸਭਾਵਾਂ, ਕਾਰ ਸੇਵਾ ਵਾਲੇ ਮਹਾਂਪੁਰਖ ਅਤੇ ਪੰਥਕ ਤੇ ਸਿੱਖ ਰਾਜਨੀਤਕ ਜਥੇਬੰਦੀਆਂ ਸਾਰੇ ਸ਼ਮੂਲੀਅਤ ਕਰਨ। ਇਸ ਦੇ ਨਾਲ ਹੀ ਭਵਿੱਖ ਅੰਦਰ ਹਰ ਸੂਬੇ ਦੀਆਂ ਸਿੰਘ ਸਭਾਵਾਂ ਨਾਲ ਲਗਾਤਾਰ ਮੀਟਿੰਗਾਂ ਦਾ ਸਿਲਸਿਲਾ ਜਾਰੀ ਰੱਖਕੇ ਇਸ ਸੰਘਰਸ਼ ਵਿੱਚ ਲਗਾਤਾਰਤਾ ਬਣਾਈ ਜਾਵੇ।

12. ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ – ਸਾਰੇ ਪੰਥਕ ਨੁਮਾਇੰਦਿਆਂ ਦੇ ਸੁਝਾਅ ਬਹੁਤ ਹੀ ਕੀਮਤੀ ਹਨ। ਸਾਂਝੇ ਤੌਰ 'ਤੇ ਇਹ ਵਿਚਾਰ ਸਾਹਮਣੇ ਆਇਆ ਹੈ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਬਾਰੇ ਪਟੀਸ਼ਨ ਵਾਪਸ ਨਾ ਲਈ ਜਾਵੇ ਅਤੇ ਉਸ ਨੂੰ ਭੁੱਖ ਹੜਤਾਲ ਤੋਂ ਰੋਕਣ ਲਈ ਅਪੀਲ ਕੀਤੀ ਜਾਵੇ। ਉਨ੍ਹਾਂ ਦੀ ਸਜ਼ਾ ਤਬਦੀਲੀ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਲੀ ਵਿਖੇ ਇੱਕ ਜਬਰਦਸਤ ਪ੍ਰਦਰਸ਼ਨ ਕੀਤਾ ਜਾਵੇ। ਕੀਤਾ ਜਾਣ ਵਾਲਾ ਪ੍ਰਦਰਸ਼ਨ ਅਤੇ ਸੰਘਰਸ਼ ਸਮੁੱਚੀ ਕੌਮ ਦਾ ਸਾਂਝਾ ਹੋਵੇ। ਇਸ ਦੀ ਅਗਵਾਈ ਸ਼੍ਰੋਮਣੀ ਕਮੇਟੀ ਕਰੇ। ਇਸ ਵਿੱਚ ਤਖ਼ਤ ਸਾਹਿਬਾਨ ਦੇ ਜਥੇਦਾਰ, ਸਿੰਘ ਸਾਹਿਬਾਨ, ਸੰਤ ਸਮਾਜ, ਨਿਹੰਗ ਸਿੰਘ ਜਥੇਬੰਦੀਆਂ, ਦਮਦਮੀ ਟਕਸਾਲ, ਕਾਰ ਸੇਵਾ ਵਾਲੇ ਮਹਾਂਪੁਰਖ, ਪੰਥਕ ਤੇ ਰਾਜਸੀ ਸਿੱਖ ਜਥੇਬੰਦੀਆਂ, ਸਿੰਘ ਸਭਾਵਾਂ ਸ਼ਾਮਲ ਹੋਣ। ਇੱਕ ਕੌਮੀ ਸੁਨੇਹਾ ਸਰਕਾਰ ਅਤੇ ਦੇਸ਼ ਦੁਨੀਆ ਦੇ ਲੋਕਾਂ ਨੂੰ ਜਾਵੇ। ਇਸ ਸਬੰਧ ਵਿੱਚ ਸਿੱਖ ਜਥੇਬੰਦੀਆਂ ਅਤੇ ਸੰਸਥਾਵਾਂ ਨਾਲ ਇਕੱਤਰਤਾਵਾਂ ਕੀਤੀਆਂ ਜਾਣ ਤਾਂ ਜੋ ਦਿੱਲੀ ਵਿਖੇ ਕੀਤੇ ਜਾਣ ਵਾਲੇ ਪ੍ਰਦਰਸ਼ਨ ਨੂੰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ।

ਉਕਤ ਸਾਰੇ ਵਿਚਾਰ ਮਿਤੀ 3 ਦਸੰਬਰ 2023 ਨੂੰ ਸੱਦੀ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਵਿਚਾਰ ਕੇ ਅਗਲਾ ਫੈਸਲਾ ਕੀਤਾ ਜਾਵੇ।

02/12/23

2/12/23

ਦੇਸ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਵਿੱਚ ਰਾਜਨੀਤਕ ਧਿਰਾਂ ਸਿੱਖਾਂ ਦੀ
ਲੀਡਰਸ਼ਿਪ ਦੇ ਮਾਮਲੇ ਸਬੰਧੀ ਅੱਜ ਮਿਤੀ ੨੫ ਅਕਤੂਬਰ ੨੦੨੩ ਨੂੰ
ਸਿੱਖ ਬੁੱਧੀਜੀਵੀਆਂ ਤੇ ਕਾਨੂੰਨੀ ਮਾਹਿਰਾਂ ਦੀ ਵਿਸ਼ੇਸ਼ ਇਕੱਤਰਤਾ
ਮਾਤਾ ਖੇਤਰੀ ਨਿਵਾਸ, ਚੰਡੀਗੜ੍ਹ ਵਿਖੇ ਸ. ਹਰਜਿੰਦਰ ਸਿੰਘ
ਪ੍ਰਧਾਨ ਸ਼੍ਰੋ. ਗੁ. ਪ੍ਰ. ਕਮੇਟੀ ਦੀ ਅਗਵਾਈ ਵਿੱਚ ਹੋਈ।
ਇਸ ਇਕੱਤਰਤਾ ਵਿੱਚ ਹੇਠ ਲਿਖੇ ਸ਼ਖਸੀਅਤਾਂ ਸ਼ਾਮਿਲ ਹੋਈਆਂ:-

1. ਸ. ਹਰਜਿੰਦਰ ਸਿੰਘ ਜੀ, ਪ੍ਰਧਾਨ ਸ਼੍ਰੋ. ਗੁ. ਪ੍ਰ. ਕ.

2. ਸ. ਗੁਰਬਖਸ਼ ਸਿੰਘ ਖਾਲਸਾ ਸੀਨੀਅਰ ਮੀਤ ਪ੍ਰਧਾਨ — ਗੁਰਬਖਸ਼ ਸਿੰਘ ਖਾਲਸਾ

3. ਸ. ਗੁਰਚਰਨ ਸਿੰਘ ਗਰੇਵਾਲ ਜਨਰਲ ਸਕੱਤਰ — [signature]

4 ਸ. ਭਗਵੰਤ ਸਿੰਘ ਸਿਆਲਕਾ ਮੈਂਬਰ ਸ਼੍ਰੋ. ਕਮੇਟੀ — B. S. Sialka

5 ਸ. ਗੁਰਪ੍ਰੀਤ ਸਿੰਘ ਝੱਬਰ ਅੰਤ੍ਰਿੰਗ ਮੈਂਬਰ — ਗੁਰਪ੍ਰੀਤ ਸਿੰਘ ਝੱਬਰ

ਡਾ. ਬਲਕਾਰ ਸਿੰਘ ਜੀ ਪਟਿਆਲਾ — [signature]

ਡਾ. ਕੇਹਰ ਸਿੰਘ ਜੀ ਪਟਿਆਲਾ — Kehar Singh

ਡਾ. ਜਸਪਾਲ ਸਿੰਘ ਜੀ ਸਾਬਕਾ ਵੀ.ਸੀ.

ਡਾ. ਪਰਮਵੀਰ ਸਿੰਘ ਜੀ ਪਟਿਆਲਾ — ਪਰਮਵੀਰ ਸਿੰਘ

ਸ. ਜਗਤਾਰ ਸਿੰਘ ਜੀ ਸੀਨੀ. ਪੱਤਰਕਾਰ ਚੰਡੀਗੜ੍ਹ — Jagtar Singh.

ਸ. ਸਤਨਾਮ ਸਿੰਘ ਜੀ ਮਾਣਕ ਜਲੰਧਰ

ਡਾ. ਹਰਭਜਨ ਸਿੰਘ ਜੀ ਦੇਹਰਾਦੂਨ — Harbhajan Singh

ਪ੍ਰੋਫੈਸਰ ਹਰਪਾਲ ਸਿੰਘ ਪੰਨੂ

ਸ. ਗੁਰਚਰਨ ਸਿੰਘ ਜੀ ਬਾਠੀਆ ਫੋਟੋਗ੍ਰਾਫ.

ਡਾ. ਗੁਰਦੇਵ ਸਿੰਘ ਸਿੱਧੂ ਜੋਗਾਣੀ

ਸ. ਤਰਵਿੰਦਰ ਸਿੰਘ ਬੁੱਟਰ

ਸ. ਹਰੀਸ਼ ਸਿੰਘ ਫੋਟੋਗ੍ਰਾਫ

ਡਾ. ਅਮਰਜੀਤ ਸਿੰਘ ਅਮ੍ਰਿਤਸਰ

ਡਾ. ਇੰਦਰਜੀਤ ਸਿੰਘ ਗੋਸ਼ੀਆਣੀ

ਚੇਅਰਮੈਨ ਜੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਧਰਮਜੀਤ ਸਿੰਘ

ਪ੍ਰਧਾਨ ਜੀ ਸ. ਸ਼ਾਮ ਸਿੰਘ ਜੀ ਕੋਵੈਂਟਰੀ ਦੀ ਗੁਰ ਸਿੱਖ ਸਭਾ

ਜਸਟਿਸ ਐਸ. ਐਸ. ਢੇਟੀ ਜੀ

ਜਸਟਿਸ ਪਰਮਜੀਤ ਸਿੰਘ ਧਾਲੀਵਾਲ ਜੀ

ਜਸਟਿਸ ਕੇ. ਐਸ. ਗਰੇਵਾਲ ਜੀ

ਜਸਟਿਸ ਜਸਬੀਰ ਸਿੰਘ ਜੀ

ਸ. ਰਜਿੰਦਰ ਸਿੰਘ ਜੀ ਚੀਮਾਂ ਸੀਨੀਅਰ ਐਡਵੋਕੇਟ

ਸ. ਪੂਰਨ ਸਿੰਘ ਜੀ ਹੁੰਦਲ ਸੀਨੀਅਰ ਐਡਵੋਕੇਟ

ਸ. ਜੀ. ਐਸ. ਘੱਗ ਜੀ ਸੀਨੀਅਰ ਐਡਵੋਕੇਟ

ਸ. ਪਰਮਜੀਤ ਸਿੰਘ ਜੀ ਬਰਾੜ ਸੀਨੀਅਰ ਐਡਵੋਕੇਟ

ਸ. ਪਰਮਜੀਤ ਸਿੰਘ ਜੀ ਪਟਵਾਲੀਆ ਸੀਨੀਅਰ ਐਡਵੋਕੇਟ

8.

ਸ. ਬਲਤੇਜ ਸਿੰਘ ਜੀ ਢਿੱਲੋਂ ਲੈਕਚਰਰ — Baltej S Dhillon

ਸ. ਹਰਭਜਨ ਸਿੰਘ ਜੀ ਲੈਕਚਰਰ

ਸ. ਕੁਲਬੀਰ ਸਿੰਘ ਜੀ ਪਾਰੋਵਾਲ ਲੈਕਚਰਰ

ਸ. ਗੁਰਿੰਦਰ ਸਿੰਘ ਜੀ ਚੂਨੀਆ [illegible] ਲੈਕਚਰਰ

ਸ. ਗੁਰਵਿੰਦਰ ਸਿੰਘ ਜੀ ਬੈਂਸ [illegible] ਲੈਕਚਰਰ — G Bains

ਸ. ਜਸਪਾਲ ਸਿੰਘ ਜੀ ਸੰਧੂ ਲੈਕਚਰਰ — Jaspal Singh

ਸ. ਬਲਜਿੰਦਰ ਸਿੰਘ ਜੀ ਸੋਢੀ ਲੈਕਚਰਰ — [signature]

ਸ੍ਰੀ ਹਰੀਸ਼ ਰਾਏ ਜੀ ਲੈਕਚਰਰ — Harish Rai

ਸ. ਅਮਰਦੀਪ ਸਿੰਘ ਜੀ ਚਾਹਲ ਲੈਕਚਰਰ — ਅਮਰਦੀਪ ਚਾਹਲ

ਸ. ਅਰਸ਼ਦੀਪ ਸਿੰਘ ਜੀ ਲੈਕਚਰਰ — [signature]

ਬੀ. ਪ੍ਰੀਤ ਕੌਰ ਜੀ ਸੇਖੋਂ ਲੈਕਚਰਰ — [signature]

ਸ੍ਰੀ ਵਰਿੰਦਰਜੀਤ ਭੰਡਾਰੀ, ਡਿ: ਡਿਪਟੀ ਡਾਇਰੈਕਟਰ, ਪੀ.ਏ.ਯੂ — Bhandari

ਕਾਰਵਾਈ!

ਮਾਨਯੋਗ ਪ੍ਰਧਾਨ ਸਾਹਿਬ ਨੇ ਇਕੱਤਰਤਾ ਦੀ ਸ਼ੁਰੂਆਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਕੀਤੇ ਜਾ ਰਹੇ ਯਤਨਾਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਇਸ ਤੋਂ ਉਪਰੰਤ ਪ੍ਰਧਾਨ ਸਾਹਿਬ ਨੇ ਵੱਖ-ਵੱਖ ਬੁੱਧੀਜੀਵੀਆਂ ਤੇ ਵਕੀਲਾਂ ਨੂੰ ਆਪਣੇ ਵਿਚਾਰ ਰੱਖਣ ਲਈ ਕਿਹਾ। ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਹੇਠ ਲਿਖੇ ਅਨੁਸਾਰ ਪ੍ਰਗਟ ਕੀਤੇ:

1. **ਡਾ. ਬਲਕਾਰ ਸਿੰਘ ਪਟਿਆਲਾ-**

ਦੇਸ਼ ਪੱਧਰ ਤੇ ਜੋ ਜ਼ੁੰਮੇਵਾਰੀ ਆਰ.ਐਸ.ਐਸ. ਨਿਭਾਰਹੀ ਹੈ, ਉਹੋ ਰੋਲ ਪੰਜਾਬ ਪੱਧਰ 'ਤੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਦਾ ਹੋਣਾ ਚਾਹੀਦਾ ਹੈ। ਸ਼੍ਰੋਮਣੀ ਗੁ:ਪ੍ਰ:ਕਮੇਟੀ ਨੂੰ ਅਜ਼ਾਦਾਨਾ ਢੰਗ ਨਾਲ ਕੰਮ ਕਰਨਾ ਚਾਹੀਦਾ ਹੈ। ਜਿੰਨਾਂ ਚਿਰ ਇਹ ਅਜ਼ਾਦ ਢੰਗ ਨਾਲ ਕੰਮ ਨਹੀਂ ਕਰਦੀ ਉਤਨੀ ਦੇਰ ਸਿੱਖ ਸੰਸਥਾਵਾਂ ਕਾਰਜਸ਼ੀਲ ਨਹੀਂ ਹੋ ਸਕਦੀਆਂ। ਬੰਦੀ ਸਿੰਘਾਂ ਦੇ ਮਾਮਲੇ ਨੂੰ ਜਿੰਨਾਂ ਚਿਰ ਅਸੀ ਮਨੁੱਖੀ ਅਧਿਕਾਰਾਂ ਦਾ ਮਾਮਲਾ ਨਹੀਂ ਬਣਾਉਂਦੇ, ਉਤਨੀ ਦੇਰ ਸਫਲਤਾ ਮੁਸ਼ਕਿਲ ਹੈ। ਬੰਦੀ ਸਿੰਘਾਂ ਦੀ ਰਿਹਾਈ ਬਾਰੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਆਪਣੇ-ਆਪਣੇ ਏਜੰਡੇ ਤੈਅ ਕਰਨ। ਮੇਰੀ ਰਾਏ ਹੈ ਕਿ ਬੰਦੀ ਸਿੰਘ ਦੀ ਰਿਹਾਈ ਦੀ ਅਗਵਾਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਕਰਨ। ਬੰਦੀ ਸਿੰਘਾਂ ਦੇ ਕੇਸਾਂ ਨੂੰ ਵਰਗ (category) ਅਨੁਸਾਰ ਅੱਗੇ ਵਧਾਉਣਾ ਚਾਹੀਦਾ ਹੈ ਤਾਂ ਜੋ ਸਪੱਸ਼ਟਤਾ ਨਾਲ ਕਾਰਜ ਹੋ ਸਕੇ। ਸਿੱਖਾਂ 'ਤੇ UAPAਦੀ ਵਰਤੋਂ ਅੱਜ ਵੀ ਕੀਤੀ ਜਾ ਰਹੀ ਹੈ। UAPAਨੂੰ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਅਨੁਸਾਰ ਪੈਰਵਈ ਕਰਕੇ ਮਾਮਲਾ ਚੁੱਕਣਾ ਚਾਹੀਦਾ ਹੈ।

2. **ਡਾ. ਕੇਹਰ ਸਿੰਘ-**

ਕੇਂਦਰੀ ਨੁਕਤਾ ਇਹ ਹੈ ਕਿ ਬੰਦੀ ਸਿੰਘਾਂ ਦਾ ਮਾਮਲਾ ਪੰਥਕ ਹੈ। ਸ਼੍ਰੋਮਣੀ ਗੁ:ਪ੍ਰ:ਕਮੇਟੀ ਸਿੱਖਾਂ ਦੀ ਸਿਰਮੌਰ ਸੰਸਥਾ ਹੈ, ਜਿਸ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦਾ ਜੋ ਮੁੱਦਾ ਚੁੱਕਿਆ ਹੈ ਅਤੇ ਸੰਸਥਾ ਜੋ ਕਰ ਰਹੀ ਹੈ, ਉਹ ਸਹੀ ਹੈ। ਸਾਨੂੰ ਰਾਜੋਆਣਾਦੇ ਮਾਮਲੇ ਵਿਚ ਕੇਂਦਰ ਸਰਕਾਰ ਨੂੰ ਸਮਾਂਬੱਧ ਨੂੰ ਨੋਟਿਸ ਦੇ ਦੇਣਾ ਚਾਹੀਦਾ ਹੈ, ਜੇਕਰ ਉਹ ਇਨ੍ਹਾਂ ਦੇ ਮਾਮਲੇ ਵਿੱਚ ਤੁਰੰਤ ਫੈਸਲਾ ਨਹੀਂ ਕਰਦੀ। ਕੇਂਦਰ ਦੀ ਸਰਕਾਰ ਵੱਲੋਂ ਸਾਨੂੰ ਜਲੀਲ ਕੀਤਾ ਜਾ ਰਿਹਾ ਹੈ। ਸਾਂਝੀ ਰਾਏ ਬਣਾਏ ਬਿਨਾਂ ਸਾਡਾ ਪ੍ਰਭਾਵ ਨਹੀਂ ਪੈਣਾ। ਇਸ ਮਸਲੇ ਨੂੰ ਅਸੀ ਆਪਣੇ ਤੀਕ ਸੀਮਤ ਨਾ ਰੱਖੀਏ।ਪਲੇਟਫਾਰਮ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇਵੇ, ਪ੍ਰੋਗਰਾਮ ਸਾਰਿਆਂ ਦਾ ਸਾਂਝਾ ਹੋਵੇ। ਇਸ ਮਸਲੇ ਨੂੰਮਨੁੱਖੀ ਅਧਿਕਾਰਾਂ ਦਾ ਮਾਮਲਾ ਬਣਾਕੇ ਸੰਘਰਸ਼ ਕੀਤਾ ਜਾਵੇ। ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਹੋਰ ਜਥੇਬੰਦੀਆਂ ਨੂੰ ਨਾਲ ਲਿਆ ਜਾਵੇ। ਇੱਕਲੇ ਸਿੱਖਾਂ ਦਾ ਮਾਮਲਾ ਨਾ ਬਣਾਇਆ ਜਾਵੇ। ਘੱਟੋ-ਘੱਟ ਸਾਂਝੇ ਪ੍ਰੋਗਰਾਮ (common minimum program) ਤਹਿਤ ਸਾਂਝੀ ਕਮੇਟੀ ਬਣਾ ਕੇ ਕੰਮ ਕਰੀਏ, ਤਾਂ ਜੋ ਸਰਕਾਰ 'ਤੇ ਪ੍ਰਭਾਵ ਪਵੇ।

3. **ਡਾ. ਪਰਮਵੀਰ ਸਿੰਘ-**

ਬੰਦੀ ਸਿੰਘ ਕੋਈ ਪੇਸ਼ਾਵਰ ਅਪਰਾਧੀ ਨਹੀਂ ਸਨ। ਬੰਦੀ ਸਿੰਘਾਂ ਦਾ ਮਸਲਾ ਮੁਲਤਾਨ ਦਾ ਕਿਲ੍ਹਾ ਜਿੱਤਣ ਵਰਗਾਂ ਹੈ। ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਦਾ ਕਿਲ੍ਹਾ ਜਿੱਤਣ ਲਈ ਪਟਨਾ ਸਾਹਿਬ ਤਖ਼ਤ ਤੇ ਅਰਦਾਸ ਕੀਤੀ ਸੀ। ਦੂਜਾ ਮਾਮਲਾ ਦੇਸ਼ ਅਜ਼ਾਦ ਹੋਣ ਤੋਂ ਬਾਅਦ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨਾਂ ਦਾ ਸਾਹਮਣੇ ਆਇਆ। ਉਦੋਂ ਵੀ ਸ਼੍ਰੋਮਣੀ ਗੁ:ਪ੍ਰ:ਕਮੇਟੀ ਨੇ ਵਿਦਵਾਨਾਂ ਦੀ ਰਾਏ ਲਈ ਸੀ। ਅਰਦਾਸ ਵਿਚ ਖ਼ਾਲਸਾ ਪੰਥ ਤੋਂ

ਵਿਛੋੜੇ ਗਏ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਵਾਲੀ ਗੱਲ ਭਾਈ ਵੀਰ ਸਿੰਘ ਦੇ ਲਿਖਤੀ ਸੁਝਾਅ ਨਾਲ ਸ਼ਾਮਿਲ ਕੀਤੀ ਗਈ। ਸਿੱਖ ਮੁੱਦੇ ਚੁੱਕਣੇ ਸ਼੍ਰੋਮਣੀ ਅਕਾਲੀ ਦਲ ਦੀ ਜ਼ੁੰਮੇਵਾਰੀ ਬਣਦੀ ਹੈ ਉਹ ਨਿਭਾਵੇ। ਸ਼੍ਰੋਮਣੀ ਗੁ:ਪ੍ਰ:ਕਮੇਟੀ ਮੋਰਚੇ ਨਹੀਂ ਲਗਾ ਸਕਦੀ, ਮੋਰਚੇ ਸ਼੍ਰੋਮਣੀ ਅਕਾਲੀ ਦਲ ਹੀ ਲਗਾ ਸਕਦਾ ਹੈ।

4. **ਡਾ. ਅਮਰਜੀਤ ਸਿੰਘ [illegible] ਜੀ.ਐਨ.ਡੀ.ਯੂ-**

ਬੰਦੀ ਸਿੰਘਾਂ ਦੇ ਮਾਮਲੇ ਵਿਚ ਸਰਕਾਰ ਸਿੱਖਾਂ ਨੂੰ ਜਲੀਲ ਕਰ ਰਹੀ ਹੈ। ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦੀਆਂ ਜਥੇਬੰਦੀਆਂ ਨੂੰ ਵੀ ਨਾਲ ਲਿਆ ਜਾਵੇ। ਮੇਰਾ ਸੁਝਾਅ ਹੈ ਕਿ ਹਿੰਦੂ ਵਿਦਵਾਨ ਵੀ ਸੱਦੇ ਜਾਣ। ਸਮੂਹ ਰਾਜਨੀਤਕ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨੂੰ ਸ਼ਾਮਲ ਕੀਤਾ ਜਾਵੇ।ਬਿਅੰਤ ਸਿੰਘ ਦੇ ਪਰਿਵਾਰ ਵਿੱਚੋਂ ਕਾਂਗਰਸੀ ਆਗੂ ਰਵਨੀਤ ਸਿੰਘ ਬਿੱਟੂ ਤੱਕ ਪਹੁੰਚ ਕੀਤੀ ਜਾਵੇ।

5. **ਡਾ. ਬਲਤੇਜ ਸਿੰਘ ਢਿੱਲੋਂ-**

ਅੰਗ੍ਰੇਜ਼ ਰਾਜ ਸਮੇਂ ਤਿੰਨ ਸੰਸਥਾਵਾਂ ਬਣੀਆਂ ਸ਼੍ਰੋਮਣੀ ਅਕਾਲੀ ਦਲ,ਆਰ.ਐਸ.ਐਸ ਅਤੇ ਮੁਸਲਿਮ ਲੀਗ ਬਣੀਆਂ ਸਨ। ਅੱਜ ਸਾਨੂੰ ਦੇਖਣਾ ਪਵੇਗਾ ਕਿ ਉਹ ਕਿੱਥੇ ਪਹੁੰਚ ਗਏ ਹਨ ਤੇ ਅਸੀਂ ਕਿੱਥੇ ਖੜ੍ਹੇ ਹਾਂ। ਇਸ ਮਾਮਲੇ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਜੋਂ ਵੱਡੇ ਪੱਧਰ 'ਤੇ ਚੁੱਕਿਆ ਜਾਵੇ।

6. **ਡਾ. ਹਰਭਜਨ ਸਿੰਘ ਡੇਹਰਾਦੂਨ-**

ਜਦੋਂ ਅਸੀਂ ਛੋਟੇ ਸੀ, ਤਾਂ ਲੋਕ ਅਕਾਲੀ ਦਲ ਨੂੰ ਨਹੀਂ ਜਾਣਦੇ ਸਨ, ਲੋਕ ਇਸ ਨੂੰ ਪੰਥ ਸਮਝਕੇ ਡਟਵਾਂ ਸਮਰਥਨ ਦਿੰਦੇ ਸਨ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਮਜ਼ਬੂਤ ਕੀਤਾ ਜਾਵੇ। ਸੰਘਰਸ਼ ਬਿਨਾਂ ਕਾਮਯਾਬੀ ਨਹੀਂ ਹੋਣੀ, ਇੱਕਜੁੱਟ ਹੋ ਕੇ ਲੜਣਾ ਪਵੇਗਾ।ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਵੱਡੇ ਲੀਡਰ ਅਕਾਲ ਤਖ਼ਤ ਸਾਹਿਬ ਜਾ ਕੇ ਜਾਣੇ ਅਣਜਾਣੇ ਹੋਈਆਂ ਭੁੱਲਾਂ ਦੀ ਮੁਆਫੀ ਮੰਗ ਲੈਣ/ਲੋਕ ਪੰਥ ਨਾਲ ਤੁਰ ਪਵੇਗਾ। ਬੰਦੀ ਸਿੰਘ ਕੋਈ ਖਾੜਕੂ ਨਹੀਂ ਸਨ, ਉਨ੍ਹਾਂ ਨੇ ਪੰਜਾਬ ਤੇ ਸਿੱਖਾਂ ਨਾਲ ਹੁੰਦੇ ਧੱਕੇ ਵਿਰੁੱਧ ਆਪਣੇ ਤਰੀਕੇ ਨਾਲ ਲੜਾਈ ਲੜੀ। ਸ਼੍ਰੋਮਣੀ ਗੁ:ਪ੍ਰ:ਕਮੇਟੀ ਜੇ ਤਗੜੀ ਕਰਨੀ ਹੈ ਤਾਂ ਐਕਟ 1925 ਵਿਚ ਸੋਧ ਕਰਕੇ ਪ੍ਰਧਾਨ ਦੀ ਚੋਣ ਦਾ ਕਾਰਜਕਾਲ ਪੰਜ ਸਾਲ ਦਾ ਕਰਵਾਇਆ ਜਾਵੇ। ਅਕਾਲੀ ਦਲ ਨੇ ਮੋਰਚਿਆਂ ਦਾ ਕਲਚਰ ਛੱਡਾ ਦਿੱਤਾ ਤਾਂ ਹੀ ਦੂਜੀਆਂ ਜਥੇਬੰਦੀਆਂ ਮੋਰਚੇ ਲਾਉਣ ਲੱਗ ਪਈਆਂ। ਹਰ ਸਿੱਖ ਕਾਲੀ ਪੱਟੀ ਬੰਨ੍ਹ ਕੇ ਆਪਣੇ ਕੰਮ ਕਾਜ 'ਤੇ ਜਾਵੇ ਤੇ ਬੰਦੀ ਸਿੰਘਾਂ ਦੇ ਹੱਕ ਵਿੱਚ ਰੋਸ ਪ੍ਰਦਰਸ਼ਨ ਕਰੇ।

7. **ਸ੍ਰ. ਤਲਵਿੰਦਰ ਸਿੰਘ ਬੁੱਟਰ-**

ਜਦੋਂ ਅਸੀਂ ਕੇਵਲ ਪੰਥ ਦੀ ਗੱਲ ਕਰਦੇ ਹਾਂ, ਤਾਂ ਦੂਜੇ ਭਾਈਚਾਰੇ ਹਿੰਦੂ, ਮੁਸਲਿਮ ਆਦਿ ਮਹਿਸੂਸ ਕਰਦੇ ਹਨ ਕਿ ਇਹ ਕੇਵਲ ਸਿੱਖਾਂ ਦਾ ਮਾਮਲਾ ਹੈ। ਸਾਰੇ ਭਾਈਚਾਰਿਆਂ ਦੇ ਬੰਦੀਆਂ ਦੀ ਗੱਲ ਕਰਨੀ ਚਾਹੀਦੀ ਹੈ।ਜਦੋਂ ਅਸੀ ਬੰਦੀ ਸਿੰਘਾਂ ਦੇ ਮਾਮਲੇ ਨੂੰ ਮਨੁੱਖੀ ਅਧਿਕਾਰਾਂ ਦਾ ਮੁੱਦਾ ਬਣਾਕੇ ਪੇਸ਼ ਕਰਾਂਗੇ ਤਾਂ ਹਿੰਦੂ ਤੇ ਮੁਸਲਿਮ ਭਾਈਚਾਰੇ ਵੀ ਸਾਡੇ ਨਾਲ ਚੱਲਣਗੇ। ਮੇਰਾ ਸੁਝਾਅ ਹੈ ਕਿ ਅਕਾਲ ਤਖ਼ਤ ਸਾਹਿਬ ਤੋਂ ਸਾਰੀਆਂ ਧਿਰਾਂ ਨਾਲ ਲੈ ਕੇ ਦਿੱਲੀ ਤੱਕ ਮਾਰਚ ਕੱਢਿਆ ਜਾਵੇ। ਇਸ ਮਾਰਚ ਵਿੱਚ ਹਿੰਦੂ ਤੇ ਦੂਜੇ ਭਾਈਚਾਰਿਆਂ ਨੂੰ ਨਾਲ ਲਿਆ ਜਾਵੇ। ਮੁੱਦਾ ਸਿਆਸੀ ਤੇ ਕਾਨੂੰਨੀ ਹੈ। ਆਪਸੀ ਧੜਿਆਂ 'ਚ ਵੰਡੇ ਹੋਣ ਕਰਕੇ ਸਾਡੇ ਯਤਨਾਂ ਦਾ ਅਸਰ ਨਹੀਂ ਤੇ

ਰਾਜਨੀਤੀ ਫਿੱਕੀ ਪਈ ਹੈ। ਪੰਥ, ਪੰਜਾਬ ਤੇ ਲੋਕਾਈ ਨੂੰ ਨਿਖੇੜਣ ਦਾ ਨੁਕਸਾਨ ਹੋਇਆ ਹੈ। ਇਸ ਮੁੱਦੇ 'ਤੇ ਇੱਕਜੁਟਤਾ ਨਾਲ ਅੱਗੇ ਵਧੀਏ।

8. **ਸ੍ਰ. ਗੁਰਦਰਸ਼ਨ ਸਿੰਘ ਬਾਹੀਆ-**

ਮੈ ਸ਼੍ਰੋਮਣੀ ਗੁ:ਪ੍ਰ:ਕਮੇਟੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਸ ਗੰਭੀਰ ਮੁੱਦੇ ਨੂੰ ਚੁੱਕਿਆ ਹੈ। ਸਾਨੂੰ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਮਸਲਾ ਕਾਨੂੰਨੀ ਹੈ, ਧਾਰਮਿਕ ਹੈ ਜਾਂ ਸਿਆਸੀ ਹੈ। ਇਹ ਨਿਰੋਲ ਸਿਆਸੀ ਮਾਮਲਾ ਹੈ। ਬੰਦੀ ਸਿੰਘਾਂ ਨੇ ਇੱਕ ਤਰੀਕੇ ਨਾਲ ਸਿਆਸੀ ਲੜਾਈ ਲੜੀ ਹੈ। ਰਿਹਾਈ ਦੇ ਦੋ ਤਰੀਕੇ ਹਨ ਡਿਪਲੋਮੈਟਿਕ ਤਰੀਕਾ ਜਾਂ ਸੰਘਰਸ਼ ਦਾ ਰਾਹ। ਬੰਦੀ ਸਿੰਘਾਂ ਦਾ ਮਾਮਲਾ ਅਕਾਲੀ ਦਲ ਦੇ ਏਜੰਡੇ ਤੇ ਉਸ ਤਰ੍ਹਾਂ ਦਾ ਨਹੀਂ ਰਿਹਾ, ਜਿਸ ਤਰ੍ਹਾਂ ਦਾ ਹੋਣਾ ਚਾਹੀਦਾ ਸੀ।ਬੰਦੀ ਸਿੰਘਾਂ ਦਾ ਮਾਮਲਾ ਅਕਾਲੀ ਦਲ ਦੇ ਘੇਰੇ ਵਿਚ ਆਉਂਦਾ ਹੈ। ਸ਼੍ਰੋਮਣੀ ਗੁ:ਪ੍ਰ:ਕਮੇਟੀ ਕੋਲ ਕੇਵਲ ਮੁਲਾਜਮ ਹਨ, ਕੋਈ ਕੇਡਰ ਨਹੀਂ ਹੈ। ਕੇਡਰ ਤਾਂ ਅਕਾਲੀ ਦਲ ਕੋਲ ਹੈ। ਸ਼੍ਰੋਮਣੀ ਗੁ:ਪ੍ਰ:ਕਮੇਟੀ ਤਾਂ ਸੰਘਰਸ਼ ਦੀਲੰਗਰ, ਰਿਹਾਇਸ਼, ਵਕੀਲਾਂ ਦੀ ਫੀਸ ਆਦਿ ਨਾਲ ਸਹਾਇਤਾ ਕਰ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਬੰਦੀ ਸਿੰਘਾਂ ਬਾਰੇ ਪਹਿਲਾਂ ਆਪਣਾ ਸਟੈਂਡ ਸਪੱਸ਼ਟ ਕਰੇ ਤੇ ਸੰਘਰਸ਼ ਕਰੇ।

9. **ਡਾ. ਜਗਤਾਰ ਸਿੰਘ-**

ਸ਼੍ਰੋਮਣੀ ਗੁ:ਪ੍ਰ:ਕਮੇਟੀ ਜਦੋਂ ਤੋਂ ਬਣੀ ਹੈ। ਸਿਧਾਂਤਕ ਸੇਧ ਦੇਂਦੀ ਆਈ ਹੈ। ਇਸ ਸਿਧਾਂਤਕ ਸੇਧ ਨੂੰ ਸ਼੍ਰੋਮਣੀ ਗੁ:ਪ੍ਰ:ਕਮੇਟੀ ਫਿਰ ਬਹਾਲ ਕਰੇ। ਇਸ ਮਾਮਲੇ ਤੇ ਸਿਧਾਂਤਕ ਸਪੱਸ਼ਟਤਾ ਬਹੁਤ ਜ਼ਰੂਰੀ ਹੈ। ਲੋਕੀਂ ਅਕਾਲੀ ਦਲ ਨੂੰ ਸਵਾਲ ਕਰਦੇ ਹਨ ਕਿ ਜਦੋਂ ਤੁਸੀ ਸੱਤਾ ਵਿਚ ਹੁੰਦੇ ਹੋ, ਉਦੋਂ ਤੁਹਾਡਾ ਰੋਲ ਕੀ ਹੁੰਦਾ ਹੈ ਤੇ ਸੱਤਾ ਵਿਚ ਬਾਹਰ ਹੋਣ ਤੇ ਰੋਲ ਕੀ ਹੁੰਦਾ ਹੈ। ਪਿਛਲੇ ਸਮੇਂ ਵਿਚ ਹੋਈਆਂ ਸਿਧਾਂਤਕ ਗਲਤੀਆਂ ਦੀ ਸਪੱਸ਼ਟਤਾ ਹੋਣੀ ਜ਼ਰੂਰੀ ਹੈ। ਸ਼੍ਰੋਮਣੀ ਅਕਾਲੀ ਦਲ ਪੰਥ ਤੋਂ ਖਿਮਾ ਯਾਚਨਾ ਕਰੇ। ਇਸ ਮਾਮਲੇ ਨੂੰ ਲੈ ਕੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਜਾਵੇ।

10. **ਹਰੀਸ਼ ਰਾਏ ਢਾਂਡਾ-**

ਜਿੰਨੇ ਵੀ ਬੰਦੀ ਸਿੰਘ ਹਨ, ਉਨ੍ਹਾਂ ਨੇ ਕੋਈ ਨਿਜੀ ਲੜਾਈ ਨਹੀਂ ਲੜੀ ਉਨਾਂ ਨੇ ਸਿੱਖਾਂ ਦੀ ਲੜਾਈ ਲੜੀ ਪੰਜਾਬ ਦੀ ਲੜਾਈ ਲੜੀ। ਜੇਕਰ ਐਮਰਜੈਂਸੀ ਵਿਰੁੱਧ ਅਕਾਲੀ ਦਲ ਸੰਘਰਸ਼ ਨਾਂ ਕਰਦਾ ਤਾਂ ਅੱਜ ਇਤਿਹਾਸ ਕੋਈ ਹੋਰ ਹੁੰਦਾ। ਪੰਜਾਬ ਨਾਲ ਸਦਾ ਬੇਇਨਸਾਫੀ ਹੁੰਦੀ ਆਈ ਹੈ। 1947 ਵਿੱਚ ਦੇਸ਼ ਦੀ ਵੰਡ ਨਹੀਂ ਹੋਈ ਪੰਜਾਬ ਦੀ ਵੰਡ ਹੋਈ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਤਾਂ ਹੋਇਆ ਜੇਕਰ ਮਿਸਲਾਂ ਇਕੱਠੀਆਂ ਹੋਈਆ। ਅੱਜ ਵੀ ਪਾਕਿਸਤਾਨ ਦੇ ਲੋਕ ਕਹਿੰਦੇ ਹਨ, ਕਿ ਮਹਾਰਜਾ ਰਣਜੀਤ ਸਿੰਘ ਵਰਗਾ ਅੱਜ ਤੱਕ ਰਾਜ ਨਹੀਂ ਹੋਇਆ। ਪਿਛਲਾ ਛੱਡ ਕੇ ਇੱਕ ਹੋਣਾ ਜ਼ਰੂਰੀ ਹੈ। ਇਹ ਲੜਾਈ ਅਕਾਲੀ ਦਲ ਹੀ ਲੜ ਸਕਦਾ ਹੈ। ਇਹ ਕੌਮ ਦੀ ਲੜਾਈ ਹੈ, ਕੌਮ ਮੈਂ ਇਕੱਲੇ ਸਿੱਖਾਂ ਨੂੰ ਨਹੀਂ ਕਹਿੰਦਾ ਕੌਮ ਇਸ ਖਿੱਤੇ ਦੇ ਸਾਰੇ ਲੋਕ ਹਨ। ਪ੍ਰਧਾਨ ਸਾਹਿਬ ਤੁਸੀਂ ਸ਼੍ਰੋਮਣੀ ਗੁ:ਪ੍ਰ:ਕਮੇਟੀ ਵਿੱਚ ਜਾਨ ਪਾ ਦਿੱਤੀ ਹੈ। ਤੁਸੀਂ ਧਾਮੀ ਸਾਹਿਬ ਨੂੰ ਮਾੜਾ ਕਹੋ ਪਰ ਸਿੱਖ ਸੰਸਥਾ ਨੂੰ ਨਹੀਂ। ਤੁਸੀਂ ਸੁਖਬੀਰ ਸਿੰਘ ਬਾਦਲ ਨੂੰ ਮਾੜਾ ਕਹੋ ਪਰ ਅਕਾਲੀ ਦਲ ਨੂੰ ਮਾੜਾ ਨਾ ਕਹੋ। ਅਸੀਂ ਬੰਦੀ ਸਿੰਘ ਛਡਾਉਣੇ ਹਨ, ਇਹ ਸਾਡਾ ਕੌਮੀ ਕਾਰਜ ਹੈ।

11. **ਵਰਿੰਦਰਜੀਤ ਭੰਡਾਰੀ, ਸਾਬਕਾ ਡਿਪਟੀ ਡਾਇਰੈਕਟਰ, ਪੀ.ਏ.ਯੂ, ਲੁਧਿਆਣਾ-**

ਜਦੋਂ ਦੇਸ ਨੂੰ ਅਨਾਜ ਦੀ ਲੋੜ ਪੈਂਦੀ ਹੈ ਤਾਂ ਪੰਜਾਬੀਆਂ ਨੇ ਜਾਨ ਲਗਾ ਦਿੱਤੀ। ਜਦੋਂ ਦੇਸ ਦੀ ਅਜ਼ਾਦੀ ਦੀ ਲੋੜ ਪਈ ਤਾਂ ਪੰਜਾਬੀਆਂ ਨੇ ਜਾਨ ਲਗਾ ਦਿੱਤੀ। ਇਸ ਵਿੱਚ ਮੁੱਖ ਰੋਲ ਸਿੱਖਾਂ ਦਾ ਹੈ। ਬੰਦੀ ਸਿੰਘਾਂ ਦਾ ਮਸਲਾ ਇਕੱਲੇ ਸਿੱਖਾਂ ਦਾ ਨਹੀਂ ਹੈ, ਇਹ ਸਾਰੇ ਪੰਜਾਬੀਆਂ ਦਾ ਮਸਲਾ ਹੈ।ਜੇ ਅੱਜ ਸਿੱਖਾਂ ਨਾਲ ਇਸ ਤਰ੍ਹਾਂ ਹੋ ਸਕਦਾ ਹੈ, ਤਾਂਕੱਲ੍ਹ ਨੂੰ ਕਿਸੇ ਹਿੰਦੂ ਜਾਂ ਮੁਸਲਮਾਨ ਨਾਲ ਵੀ ਹੋ ਸਕਦਾ ਹੈ। ਜਦੋਂ ਵੀ ਪ੍ਰੋਗਰਾਮ ਦੇਣਾ ਹੈ ਤਾਂ ਉਸ ਵਿੱਚ ਇਕੱਲੇ ਸਿੱਖ ਹੀ ਨਜ਼ਰ ਨਹੀਂ ਆਉਣੇ ਚਾਹੀਦੇ ਉਸ ਵਿੱਚ ਸਾਰੇ ਪੰਜਾਬੀ ਨਜ਼ਰ ਆਉਣ।

12. **ਸ੍ਰ. ਰਾਜਵਿੰਦਰ ਸਿੰਘ ਬੈਂਸ-**

ਆਮ ਆਦਮੀ ਪਾਰਟੀ ਦੇ ਨੈਸ਼ਨਲ ਹਿੱਤ ਹਨ, ਇਸ ਲਈ ਉਹ ਪੰਜਾਬ ਦੇ ਹਿੱਤਾਂ ਲਈ ਕਦੇ ਵੀ ਗੱਲ ਨਹੀਂ ਕਰ ਸਕਦੇ। ਇਸ ਲਈ ਮੈਂ ਸਮਝਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਵਧੇ ਫੁੱਲੇ, ਖੇਤਰੀ ਪਾਰਟੀ ਦਾ ਹੋਣਾ ਜ਼ਰੂਰੀ ਹੈ। ਅਸੀਂ ਆਪਣੀ ਲਹਿਰ ਨੂੰ ਇਸ ਤਰ੍ਹਾਂ ਪੇਸ਼ ਕਰੀਏ ਕਿ ਸਿਆਸੀ ਲੋਕ ਸਮਝਣ ਕਿ ਬੰਦੀ ਸਿੰਘ ਰਿਹਾਅ ਕਰਕੇ ਸਾਨੂੰ ਵੱਧ ਵੋਟਾਂ ਮਿਲਣਗੀਆਂ। ਉੱਚ ਪੱਧਰੀ ਪ੍ਰੋਫੈਸ਼ਨ ਮੀਡੀਆ ਰਾਹੀਂ ਦੇਸ਼-ਵਿਦੇਸ਼ ਵਿੱਚ ਬੰਦੀ ਸਿੰਘਾਂ ਬਾਰੇ ਬਹੁ-ਭਾਸ਼ਾਈ ਪ੍ਰਚਾਰ ਕੀਤਾ ਜਾਵੇ।

13. **ਸ੍ਰ. ਸ਼ਾਮ ਸਿੰਘ (ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਚੰਡੀਗੜ੍ਹ)**

ਪ੍ਰਧਾਨ ਸਾਹਿਬ ਤੁਹਾਡਾ ਉੱਦਮ ਬਹੁਤ ਵਧੀਆ ਹੈ। ਜੇ ਅਸੀਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਕੇਵਲ ਸਿੱਖਾਂ ਨਾਲ ਜੋੜਕੇ ਰੱਖਾਂਗੇ ਤਾਂ ਇਸ ਦਾ ਦਾਇਰਾ ਬਹੁਤ ਸੀਮਤ ਹੋ ਜਾਵੇਗਾ। ਜੇਕਰ ਅਸੀਂ ਇਹ ਮੁੱਦਾ ਮਨੁੱਖੀ ਅਧਿਕਾਰਾਂ ਦਾ ਬਣਾ ਕੇ ਪੇਸ਼ ਕਰਾਂਗੇ ਤਾਂ ਇਸਦਾ ਦਾਇਰਾ ਬਹੁਤ ਵਿਸ਼ਾਲ ਹੋ ਜਾਵੇਗਾ। ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਕੰਮ ਕਰ ਰਹੀਆਂ ਸੰਸਥਾਵਾਂ ਨੂੰ ਨਾਲ ਜੋੜਿਆ ਜਾਵੇ।

14. **ਸ੍ਰ. ਬਰਜਿੰਦਰ ਸਿੰਘ ਸੋਢੀ-**

ਇੱਕ ਸੁਝਾਅ ਆਇਆ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਅਕਾਲ ਤਖ਼ਤ ਸਾਹਿਬ ਨੂੰ ਦਿੱਤਾ ਜਾਵੇ। ਮੈਂ ਇਸ ਸੁਝਾਅ ਨਾਲ ਸਹਿਮਤ ਨਹੀਂ ਹਾਂ। ਅਕਾਲ ਤਖ਼ਤ ਸਾਹਿਬ ਦਾ ਰੁਤਬਾ ਬਹੁਤ ਵੱਡਾ ਹੈ। ਸਾਨੂੰ ਇੱਕ ਖਰੜਾ ਤਿਆਰ ਕਰਨਾ ਚਾਹੀਦਾ ਹੈ ਕਿ ਵੱਖ-ਵੱਖ ਕੇਸਾਂ ਵਿੱਚ ਕਿੰਨੇ ਸਿੱਖ ਕੈਦੀ ਹਨ, ਉਨ੍ਹਾਂ ਨੂੰ ਕਿੰਨੀ ਕੈਦ ਹੋਈ ਕਦੋਂ ਰਿਹਾਅ ਹੋਏ, ਆਦਿ। ਇਹ ਖਰੜਾ ਲੋਕਾਂ ਅੱਗੇ ਪੇਸ਼ ਕਰੀਏ। ਅੰਤਰਰਾਸ਼ਟਰੀਮਨੁੱਖੀ ਅਧਿਕਾਰ ਕਮਿਸ਼ਨ ਕੋਲ ਵੀ ਮੁੱਦਾ ਉਠਾਈਏ। ਅਸੀਂ ਇਹ ਗੱਲ ਲੋਕਾਂ ਦੀ ਕਚਹਿਰੀ ਵਿੱਚ ਲੈ ਕੇ ਜਾਈਏ। ਦਲਜੀਤ ਸਿੰਘ ਬਿੱਟੂ ਤੇ ਸਿਮਰਨਜੀਤ ਸਿੰਘ ਮਾਨਨੂੰ ਵੀ ਸ਼ਾਮਲ ਕਰੀਏ। ਘੱਟੋ ਘੱਟ ਸਾਂਝੇ ਪ੍ਰੋਗਰਾਮ (common minimum program) ਤਹਿਤ ਕੰਮ ਕਰੀਏ। ਵਿਦੇਸ਼ਾਂ ਵਿੱਚ ਸਿੱਖ ਆਗੂਆਂ ਨੂੰ ਸ਼ਾਮਲ ਕੀਤਾ ਜਾਵੇ, ਜਾਣਕਾਰੀ ਦਿੱਤੀ ਜਾਵੇ।

15. **ਸ੍ਰ. ਜਸਪਾਲ ਸਿੰਘ ਮੰਝਪੁਰ-**

ਬੰਦੀ ਸਿੰਘ ਤਿੰਨ ਤਰ੍ਹਾਂ ਦੇ ਹਨ, ਇੱਕ ਅੰਡਰ ਟ੍ਰਾਇਲ ਹਨ, ਇੱਕ ਨਿਸਚਿਤ ਸਜਾ ਵਾਲੇ ਹਨ, ਇਨ੍ਹਾਂ ਦੋਵਾਂ ਦਾ ਕੋਈ ਵੱਡਾ ਮੁੱਦਾ ਨਹੀਂ ਹੈ। ਤੀਜੇ ਹਨ ਜਿਨ੍ਹਾਂ ਨੂੰ ਉਮਰ ਕੈਦ ਹੋਈ ਹੈ। ਦੇਸ਼ ਦਾ ਰਾਸਟਰਪਤੀ, ਸੂਬੇ ਦਾ ਰਾਜਪਾਲ ਅਤੇ ਸੂਬਾ ਸਰਕਾਰਾਂ ਜੇ ਚਾਹੁਣ ਤਾਂ ਸਜ਼ਾ ਘਟਾ ਸਕਦੀਆਂ ਹਨ। ਸ੍ਰ. ਪ੍ਰਕਾਸ਼ ਸਿੰਘ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਵੀ ਕੁਝ ਦੋਸ਼ੀ ਪੁਲਿਸਵਾਲਿਆਂ ਨੂੰ ਸਮੇਂ ਤੋਂ ਪਹਿਲਾਂ ਛੱਡਿਆ

ਗਿਆ। ਵੱਖ-ਵੱਖ ਕੇਸਾਂ ਵਿੱਚ ਵੱਖ-ਵੱਖ ਪੈਂਤੜੇ ਲੈਣੇ ਪੈਣੇ ਹਨ। ਭਾਈ ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ ਵਿੱਚ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਤੇ ਕੇਜਰੀਵਾਲ ਦੀ ਸਿੱਧੀ ਦਖਲ ਅੰਦਾਜੀ ਹੈ, ਜੇ ਉਹ ਚਾਹੁਣ ਤਾਂ ਤੁਰੰਤ ਰਿਹਾਈ ਕਰ ਸਕਦੇ ਹਨ। ਸਾਰੇ ਬੰਦੀ ਸਿੰਘਾਂ ਦੇ ਵੇਰਵੇ ਸਾਂਝੇ ਕੀਤੇ ਜਾਣ। ਬੰਦੀ ਸਿੰਘਾਂ ਦਾ ਮਾਮਲਾ ਨਿਰੋਲ ਸਿਆਸੀ ਹੈ। ਅਕਾਲ ਤਖ਼ਤ ਸਾਹਿਬ ਨੂੰ ਕਦੇ ਵੀ ਇਸ ਮਸਲੇ ਵਿੱਚ ਸਿੱਧਾ ਸ਼ਾਮਲ ਨਹੀਂ ਕਰਨਾ ਚਾਹੀਦਾ, ਕਿਉਂਕਿ ਇਹ ਪੰਥ ਦੇ ਵੱਡੇ ਮੁੱਦਿਆਂ ਵਿੱਚੋਂ ਸਿਰਫ ਇੱਕ ਮੁੱਦਾ ਹੈ। ਇਸ ਮਾਮਲੇ 'ਤੇ ਸਾਂਝੀ ਕਮੇਟੀ ਬਣਾ ਕੇ ਕੰਮ ਕੀਤਾ ਜਾਵੇ। ਸਭ ਤੋਂ ਪਹਿਲਾਂ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਫਿਰ ਭਾਈ ਸ਼ਮਸ਼ੇਰ ਸਿੰਘ, ਭਾਈ ਲਖਵਿੰਦਰ ਸਿੰਘ ਲੱਖਾ ਤੇ ਭਾਈ ਗੁਰਮੀਤ ਸਿੰਘ ਦੇ ਕੇਸ ਵਿਚਾਰੇ ਜਾਣੇ ਚਾਹੀਦੇ ਹਨ।

16. **ਸ. ਬਲਜੀਤ ਸਿੰਘ ਚੇਅਰਮੈਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ-**

ਲੋਕਤੰਤਰ ਵਿੱਚ ਸਭ ਤੋਂ ਵੱਡਾ ਹਥਿਆਰ ਲੋਕ ਰਾਏ ਹੁੰਦੀ ਹੈ। ਸੋ ਸਾਨੂੰ ਲੋਕ ਰਾਏ ਬਨਾਉਣੀ ਬਹੁਤ ਜ਼ਰੂਰੀ ਹੈ, ਸਾਨੂੰ ਉਨ੍ਹਾਂ ਸੰਸਥਾਵਾਂ ਦੀਆਂ ਸੇਵਾਵਾਂ ਲੈਣੀਆਂ ਚਾਹੀਦੀਆਂ ਹਨ ਜਿਨ੍ਹਾਂ ਦਾ ਸਰਕਾਰ ਨਾਲ ਤਾਲਮੇਲ ਹੈ, ਸਾਨੂੰ ਇਹ ਝਿਜਕ ਨਹੀਂ ਹੋਣੀ ਚਾਹੀਦੀ ਕਿ ਅਸੀਂ ਇਸ ਨੂੰ ਨਹੀਂ ਮਿਲਣਾ ਇਸ ਨਾਲ ਗੱਲ ਨਹੀਂ ਕਰਨੀ। ਸਾਨੂੰ ਇਕਸੁਰਤਾ ਅਤੇ ਇਕਜੁੱਟਤਾ ਦੀ ਲੋੜ ਹੈ, ਅਸੀਂ ਹਰ ਮਾਮਲੇ ਨੂੰ ਸਿੱਖ ਮਸਲਾ ਬਣਾ ਦਿੰਦੇ ਹਾਂ, ਜਿਸ ਕਰਕੇ ਸਾਡਾ ਕੇਸ ਅਕਸਰ ਕਮਜ਼ੋਰ ਹੋ ਜਾਂਦਾ ਹੈ।

17. **ਸ੍ਰ. ਅਰਸ਼ਦੀਪ ਸਿੰਘ ਕਲੇਰ ਐਡਵੋਕੇਟ-**

ਸ਼੍ਰੋਮਣੀ ਗੁ:ਪ੍ਰ:ਕਮੇਟੀ ਸਭ ਤੋਂ ਵੱਡੀ ਜਮਹੂਰੀ ਸੰਸਥਾ ਹੈ। ਜਦੋਂ ਸ਼੍ਰੋਮਣੀ ਗੁ:ਪ੍ਰ:ਕਮੇਟੀ ਤੇ ਸੱਟ ਵੱਜਦੀ ਹੈ ਤਾਂ ਸਾਰੇ ਬੁੱਧੀਜੀਵੀਆਂ ਨੂੰ ਹਾਅ ਦਾ ਨਾਅਰਾ ਮਾਰਨਾ ਚਾਹੀਦਾ ਹੈ। ਕਿਸੇ ਵੀ ਗਲਤੀ ਨੂੰ ਕਦੇ ਵੀ ਦੁਰੱਸਤ ਕੀਤਾ ਜਾ ਸਕਦਾ ਹੈ। ਸੰਸਥਾ ਯੋਗ ਅਗਵਾਈ ਕਰ ਰਹੀ ਹੈ। ਸਹਿਯੋਗ ਦਾ ਪ੍ਰਗਟਾਵਾ ਕੀਤਾ।

18. **ਸ੍ਰ. ਅਮਰਦੀਪ ਸਿੰਘ ਧਾਰਨੀ-**

26 ਲੱਖ ਲੋਕਾਂ ਨੇ ਫਾਰਮ ਭਰਕੇ ਦਿੱਤੇ, ਇਹ ਲੋਕਤੰਤਰ ਹੈ। ਰਵਨੀਤ ਸਿੰਘ ਬਿੱਟੂ ਕਹਿੰਦਾ ਹੈ ਕਿ ਜਾਅਲੀ ਦਸਤਖ਼ਤ ਹਨ। ਬੀਬੀ ਰਾਜੋਆਣਾ ਵਲੋਂ ਅਕਾਲ ਤਖ਼ਤ ਸਾਹਿਬ ਤੇ ਦਰਖ਼ਾਸਤ ਦਿੱਤੀ ਹੈ, ਉਸ ਨੂੰ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ। ਮੈਂ ਅੱਜ ਦੀ ਵਿਚਾਰ ਚਰਚਾ ਤੋਂ ਆਸ ਕਰਦਾ ਹਾਂ ਕਿ ਕੋਈ ਸਿੱਟਾ ਜ਼ਰੂਰ ਨਿਕਲੇਗਾ।

19. **ਪੁਨੀਤ ਕੌਰ ਸੇਖੋਂ-**

ਇਸ ਮਾਮਲੇ ਵਿੱਚ ਸਿਆਸੀ ਇੱਛਾ ਜ਼ਰੂਰੀ ਹੈ। ਕੌਮ ਵਜੋਂ ਇੱਕ ਹੋਣ ਦੀ ਲੋੜ ਹੈ, ਸਾਡੇ ਵਖਰੇਵਿਆਂ ਦਾ ਸਰਕਾਰਾਂ ਲਾਭ ਲੈ ਰਹੀਆਂ ਹਨ। ਕਿਸਾਨ ਮੋਰਚੇ ਵਾਂਗੂ ਕਰੜਾ ਮੋਰਚਾ ਸ਼ੁਰੂ ਕਰਨਾ ਚਾਹੀਦਾ ਹੈ। ਬੰਦੀ ਸਿੰਘਾਂ ਦੀਆਂ ਜੀਵਨੀਆਂ ਬਾਰੇ ਵੀਡੀਓ ਪ੍ਰਸਾਰਿਤ ਕੀਤੇ ਜਾਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਕਾਰਜ ਕਰਨ ਦਾ ਸਮਾਂ 5 ਸਾਲ ਦਾ ਹੋਣਾ ਚਾਹੀਦਾ ਹੈ।

20. **ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-**

ਜੋ ਵੀ ਸ਼ਖਸ਼ੀਅਤਾਂ ਅੱਜ ਆਈਆਂ ਹਨ, ਇਹ ਸਾਰੀਆਂ ਪੰਥ ਦਰਦ ਵਾਲੀਆਂ ਹਨ, ਸਭ ਦਾ ਧੰਨਵਾਦ। ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਈ ਇਕੱਤਰਤਾ ਤੋਂ ਬਾਅਦ ਬਣੀ ਕਮੇਟੀ ਦੀਆਂ ਇੱਕ ਦੋ ਮੀਟਿੰਗਾਂ ਹੋਈਆਂ, ਪਰ

ਕੁਝ ਲੋਕਾਂ ਵੱਲੋਂ ਸਹਿਯੋਗ ਨਾ ਕਰਨ ਕਰਕੇ ਉਹ ਅੱਗੇ ਨਹੀਂ ਵਧ ਸਕੀ। ਮੈਂ ਚਾਹੁੰਦਾ ਹਾਂ ਕਿ ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲੀਆਂ ਸ਼ਖਸ਼ੀਅਤਾਂ ਦੀ ਇੱਕ ਹੋਰ ਇਕੱਤਰਤਾ ਕਰ ਲਈਏ। ਵਿਦੇਸ਼ਾਂ ਵਿੱਚ ਵਸਦੇ ਸਿੱਖ ਭਾਰਤ ਸਰਕਾਰ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਈਮੇਲਾਂ ਕਰਨ। ਇੱਕ ਆਪਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਮੀਡੀਆ ਵਿੱਚ ਲਾਮਬੰਦੀ ਕਰੀਏ। ਜਦੋਂ ਵੀ ਸ਼੍ਰੋਮਣੀ ਗੁ:ਪ੍ਰ:ਕਮੇਟੀ ਕੋਈ ਕੰਮ ਕਰਦੀ ਹੈ ਤਾਂ ਉਸਦੇ ਪੈਰਲਰ ਏਜੰਸੀਆਂ ਦੇ ਬੰਦੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ। ਮਨੁੱਖੀ ਅਧਿਕਾਰਾਂ ਲਈ ਕੰਮ ਕਰਦੀਆਂ ਜਥੇਬੰਦੀਆਂ ਨਾਲ ਦੇਸ਼ ਵਿਦੇਸ਼ ਵਿੱਚ ਸੰਪਰਕ ਕੀਤਾ ਜਾਵੇ। ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਅਗਲੀ ਇਕੱਤਰਤਾ ਕੀਤੀ ਜਾਵੇ ਜਿਸ ਵਿੱਚ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਜਥੇਬੰਦੀਆਂ ਨੂੰ ਵੀ ਸੱਦਿਆ ਜਾਵੇ। ਇਹ ਨਿਰੋਲ ਕੌਮੀ ਦਰਦ ਤੇ ਕੌਮੀ ਮੁੱਦਾ ਹੈ। ਇਸ ਵਿੱਚ ਕੋਈ ਰਾਜਨੀਤਕ ਲਾਹਾ ਲੈਣ ਦੀ ਮਨਸ਼ਾਨਹੀਂ ਹੈ। ਘੱਟੋ ਘੱਟ ਸਾਂਝੇ ਪ੍ਰੋਗਰਾਮ (common minimum program) ਤਹਿਤ ਅੱਗੇ ਵਧਿਆ ਜਾਵੇ।

**ਅਖੀਰ ਵਿੱਚ ਇਕੱਤਰਤਾ ਵਿੱਚ ਸਰਬਸੰਮਤੀ ਨਾਲ ਹੇਠ ਲਿਖੇ ਅਨੁਸਾਰ ਪ੍ਰਵਾਨ ਹੋਇਆ:-**

**-ਬੰਦੀ ਸਿੰਘਾਂ ਦੇ ਮਸਲੇ ਨੂੰ ਘੱਟੋ-ਘੱਟੋ ਸਾਂਝੇ ਪ੍ਰੋਗਰਾਮ ਤਹਿਤ ਅੱਗੇ ਵਧਾਇਆ ਜਾਵੇ**

**-ਦੇਸ਼ ਦੁਨੀਆ ਵਿੱਚ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਲਈ ਕਾਰਜਸ਼ੀਲ ਲੋਕਾਂ ਨੂੰ ਸੰਘਰਸ਼ ਦਾ ਹਿੱਸਾ ਬਣਾਇਆ ਜਾਵੇ**

ਬੰਦੀ ਸਿੰਘਾਂ ਦੇ ਮਾਮਲੇ 'ਚ ਕੌਮੀ ਅਤੇ ਮਨੁੱਖੀ ਦਰਦ ਰੱਖਣ ਵਾਲਿਆਂ ਦੀ ਇੱਕ ਵਿਸ਼ਾਲ ਮੀਟਿੰਗ ਜਲਦ ਹੀ ਕੀਤੀ ਜਾਵੇ, ਜਿਸ ਵਿੱਚ ਭਾਰਤ ਦੇ ਹਰ ਖਿੱਤੇ ਦੇ ਨਾਲ-ਨਾਲ ਵਿਦੇਸ਼ਾਂ ਵਿੱਚੋਂ ਵੀ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੇ ਲੋਕਾਂ ਨੂੰ ਸ਼ਾਮਲ ਕੀਤਾ ਜਾਵੇ। ਇਸ ਵਿੱਚ ਇਕੱਲੇ ਸਿੱਖ ਨਹੀਂ ਸਗੋਂ ਕਿਸੇ ਵੀ ਧਰਮ ਨਾਲ ਸਬੰਧਤ ਲੋਕ ਸ਼ਾਮਲ ਕੀਤੇ ਜਾਣ।

ਹਾਜਰ ਵਿਦਵਾਨਾਂ ਅਤੇ ਸੀਨੀਅਰ ਵਕੀਲਾਂ ਦੇ ਕੀਮਤੀ ਸੁਝਾਅ ਇਕੱਤਰਤਾ ਵਿੱਚ ਪ੍ਰਾਪਤ ਹੋਏ ਹਨ, ਜਿਸ ਦੀ ਸ਼੍ਰੋਮਣੀ ਕਮੇਟੀ ਪੜਚੋਲ ਕਰਕੇ ਅਗਲੀ ਰਣਨੀਤੀ ਦਾ ਇੱਕ ਦਸਤਾਵੇਜ ਤਿਆਰ ਕਰੇ। ਫਿਲਹਾਲ ਮੁੱਢਲੇ ਤੌਰ 'ਤੇ ਕੁਝ ਪ੍ਰੋਗਰਾਮ ਉਲੀਕਣ ਦੀ ਸਹਿਮਤੀ ਬਣੀ ਹੈ - ਕੌਮੀ ਦਰਦ ਰੱਖਣ ਵਾਲਿਆਂ ਅਤੇ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਲਈ ਅਵਾਜ਼ ਚੁੱਕਣ ਵਾਲਿਆਂ ਨਾਲ ਰਾਬਤਾ ਕਾਇਮ ਕੀਤਾ ਜਾਵੇ, ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨਾਂ ਤਹਿਤ ਇੱਕ ਸਰਗਰਮ ਪ੍ਰਚਾਰ ਲਹਿਰ ਵੀ ਅਰੰਭੀ ਜਾਵੇ, ਜਿਸ ਵਿੱਚ ਦੁਨੀਆ ਅਤੇ ਸਰਕਾਰਾਂ ਨੂੰ ਇਹ ਦੱਸਿਆ ਜਾਵੇ ਕਿ ਸਿੱਖ ਬੰਦੀ ਕੋਈ ਪੇਸ਼ੇਵਰ ਅਪਰਾਧੀ ਨਹੀਂ ਸਨ, ਸਗੋਂ ਇਨ੍ਹਾਂ ਨੇ ਕੌਮ 'ਤੇ ਜੁਲਮ ਵਿਰੁੱਧ ਭਾਵਨਾਵਾਂ ਦੇ ਵਹਿਣ ਵਿੱਚ ਵਹਿ ਕੇ ਕਦਮ ਚੁੱਕੇ ਸਨ। ਬੰਦੀ ਸਿੰਘਾਂ ਨਾਲ ਕੀਤੇ ਜਾ ਰਹੇ ਵਿਤਕਰੇ ਬਾਰੇ ਹਰ ਮੰਚ 'ਤੇ ਅਵਾਜ਼ ਬੁਲੰਦ ਕੀਤੀ ਜਾਵੇ। ਵੱਖ-ਵੱਖ ਮੀਡੀਆ ਮਾਧਿਅਮਾਂ ਰਾਹੀਂ ਬਹੁ-ਭਾਸ਼ਾਈ ਡਾਕੂਮੈਂਟਰੀਆਂ ਤਿਆਰ ਕਰਕੇ ਪ੍ਰਸਾਰਿਤ ਕੀਤੀਆਂ ਜਾਣ, ਤਾਂ ਜੋ ਪੂਰੇ ਵਿਸ਼ਵ ਦੇ ਲੋਕਾਂ ਨੂੰ ਪਤਾ ਲਗ ਸਕੇ ਕਿ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦਾ ਭਾਰਤ ਅੰਦਰ ਕਿਵੇਂ ਉਲੰਘਣ ਹੋ ਰਿਹਾ ਹੈ।

ਦੇਸ਼ ਭਰ ਦੇ ਉਨ੍ਹਾਂ ਕੇਸਾਂ ਦਾ ਇੱਕ ਖਰੜਾ ਤਿਆਰ ਕੀਤਾ ਜਾਵੇ ਜਿਨ੍ਹਾਂ ਵਿੱਚ ਫਾਂਸੀ ਜਾਂ ਉਮਰ ਕੈਦ ਦੀਆਂ ਸਜ਼ਾਵਾਂ ਵਾਲੇ ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਹੋਈ ਹੈ। ਇਹ ਜਾਣਕਾਰੀ ਇਕੱਠੀ ਕਰਕੇ ਸਰਕਾਰਾਂ, ਮਾਨਯੋਗ ਅਦਾਲਤਾਂ ਅਤੇ ਮਨੁੱਖੀ ਅਧਿਕਾਰਾਂ ਲਈ ਕਾਰਜਸ਼ੀਲ ਸੰਸਥਾਵਾਂ ਨੂੰ ਦੱਸਿਆ ਜਾਵੇ ਕਿ ਕਿਵੇਂ ਸਿੱਖਾਂ ਨਾਲ ਵਿਤਕਰਾ ਵਖਰੇਵਾਂ ਕਰਦਿਆਂ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਤਿੰਨ-ਤਿੰਨ ਦਹਾਕਿਆਂ ਤੋਂ ਨਜ਼ਰਬੰਦ ਰੱਖਿਆ ਹੋਇਆ ਹੈ। ਇਸ ਕਾਰਜ ਲਈ

ਸੀਨੀਅਰ ਵਕੀਲਾਂ ਅਤੇ ਦੇਸ਼ ਭਰ ਵਿੱਚ ਮਾਨਵੀ ਹਿੱਤਾਂ ਦੀ ਰਖਵਾਲੀ ਕਰਨ ਵਾਲੇ ਨੁਮਾਇੰਦਿਆਂ ਦਾ ਸਹਿਯੋਗ ਲਿਆ ਜਾਵੇ। ਇਸ ਦੇ ਨਾਲ ਹੀ ਦੇਸ਼-ਵਿਦੇਸ਼ ਦੇ ਲੋਕਾਂ ਨੂੰ ਭਾਰਤ ਸਰਕਾਰ ਪਾਸ ਈ-ਮੇਲ ਰਾਹੀਂ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਅਵਾਜ਼ ਉਠਾਉਣ ਲਈ ਵੀ ਪ੍ਰੇਰਿਤ ਕੀਤਾ ਜਾਵੇ।

ਸਹੀ/

ਜਸਕਰਨ ਸਿੰਘ
ਲੇਖਕ (IT)